ਯੁਨਾਈਟੇਡ ਸਟੇਟਸ ਖੇਤੀਬਾੜੀ ਵਿਭਾਗ
(United States Department of Agriculture)

ਫਾਰਮ ਸਰਵਿਸ ਏਜੰਸੀ

# ਤਬਾਹੀ ਸਹਾਇਤਾ
## ਐਮਰਜੈਂਸੀ ਜੰਗਲ ਮੁੜ-ਬਹਾਲੀ ਪ੍ਰੋਗਰਾਮ (EFRP)

### ਸੰਖੇਪ

U.S. ਖੇਤੀਬਾੜੀ ਵਿਭਾਗ (USDA) ਫਾਰਮ ਸੇਵਾ ਏਜੰਸੀ (FSA) ਦੁਆਰਾ ਪ੍ਰਬੰਧਿਤ ਐਮਰਜੈਂਸੀ ਜੰਗਲ ਮੁੜ-ਬਹਾਲੀ ਪ੍ਰੋਗਰਾਮ (EFRP), ਕੁਦਰਤੀ ਤਬਾਹੀ ਦੁਆਰਾ ਖਰਾਬ ਹੋਈ ਜ਼ਮੀਨ ਨੂੰ ਮੁੜ ਬਹਾਲ ਕਰਨ ਲਈ ਐਮਰਜੈਂਸੀ ਉਪਾਅ ਕਰਨ ਲਈ ਨਾਨ ਇੰਡਸਟ੍ਰੀਅਲ ਪ੍ਰਾਈਵੇਟ ਫਾਰੈਸਟ (NIPF) ਜ਼ਮੀਨ ਦੇ ਯੋਗ ਮਾਲਕਾਂ ਨੂੰ ਭੁਗਤਾਨ ਪ੍ਰਦਾਨ ਕਰਦਾ ਹੈ।

### ਅਰਜ਼ੀ ਕਿਵੇਂ ਦੇਣੀ ਹੈ

EFRP ਨਾਮਾਂਕਣ FSA ਰਾਜ ਅਤੇ ਕਾਉਂਟੀ ਕਮੇਟੀਆਂ ਅਤੇ ਕਾਉਂਟੀ ਦਫਤਰਾਂ ਦੁਆਰਾ ਪ੍ਰਸ਼ਾਸਤ ਕੀਤਾ ਜਾਂਦਾ ਹੈ। ਉਤਪਾਦਕਾਂ ਨੂੰ EFRP ਨਾਮਾਂਕਣ ਦੀ ਮਿਆਦ ਅਤੇ ਯੋਗਤਾ ਦੇ ਸਬੰਧ ਵਿੱਚ ਆਪਣੇ ਸਥਾਨਕ FSA ਕਾਉਂਟੀ ਦਫਤਰ ਤੋਂ ਪੁੱਛ-ਗਿੱਛ ਕਰਨੀ ਚਾਹੀਦੀ ਹੈ।

### ਇਹ ਕਿਵੇਂ ਕੰਮ ਕਰਦੀ ਹੈ

FSA ਕਾਉਂਟੀ ਕਮੇਟੀਆਂ ਆਨ-ਸਾਈਟ ਤੇ ਹੋਣ ਵਾਲੇ ਨੁਕਸਾਨ ਦੇ ਨਿਰੀਖਣ ਦੀ ਵਰਤੋਂ ਦੁਆਰਾ ਜ਼ਮੀਨ ਦੀ ਯੋਗਤਾ ਨੂੰ ਨਿਰਧਾਰਿਤ ਕਰਦੀਆਂ ਹਨ ਜੋ ਨੁਕਸਾਨ ਦੀ ਕਿਸਮ ਅਤੇ ਹੱਦ ਦਾ ਮੁਲਾਂਕਣ ਕਰਦੀਆਂ ਹਨ। EFRP ਦੇ ਯੋਗ ਬਣਨ ਲਈ, NIPF ਜ਼ਮੀਨ ਨੂੰ ਲਾਜ਼ਮੀ ਤੌਰ ਤੇ:

- ਮੌਜੂਦਾ ਦਰਖ਼ਤ ਕਵਰ ਹੋਣੇ ਚਾਹੀਦੇ ਹਨ (ਜਾਂ ਕੁਦਰਤੀ ਆਪਦਾ ਆਉਣ ਤੋਂ ਤੁਰੰਤ ਪਹਿਲਾਂ ਦਰਖ਼ਤ ਕਵਰ ਹੋਣੇ ਚਾਹੀਦੇ ਸਨ ਅਤੇ ਜ਼ਮੀਨ ਦਰਖ਼ਤ ਉਗਾਉਣ ਲਈ ਅਨੁਕੂਲ ਹੋਣੀ ਚਾਹੀਦੀ ਹੈ); ਅਤੇ
- ਇਸ ਦਾ ਮਾਲਕ ਕੋਈ ਵੀ ਗੈਰ-ਉਦਯੋਗਿਕ ਨਿੱਜੀ ਵਿਅਕਤੀ, ਸਮੂਹ, ਐਸੋਸੀਏਸ਼ਨ, ਕਾਰਪੋਰੇਸ਼ਨ ਜਾਂ ਹੋਰ ਨਿਜੀ ਕਾਨੂੰਨੀ ਸੰਸਥਾ ਦੇ ਮਾਲਕ ਹੋਣਾ ਚਾਹੀਦਾ ਹੈ।

### ਲਾਗਤ-ਹਿੱਸਾ ਭੁਗਤਾਨ

ਲਾਗਤ-ਹਿੱਸਾ ਭੁਗਤਾਨ ਹਨ:

- ਮਨਜ਼ੂਰਸ਼ੁਦਾ ਮੁੜ-ਬਹਾਲੀ ਅਭਿਆਸਾਂ ਨੂੰ ਲਾਗੂ ਕਰਨ ਲਈ ਖਰਚੇ ਦੇ 75% ਤੱਕ; ਅਤੇ
- ਪ੍ਰਤੀ ਵਿਅਕਤੀ ਜਾਂ ਕਾਨੂੰਨੀ ਇਕਾਈ ਪ੍ਰਤੀ ਤਬਾਹੀ $500,000 ਤੱਕ ਸੀਮਿਤ ਹਨ।

### ਯੋਗ ਜੰਗਲ ਮੁੜ-ਬਹਾਲੀ ਅਭਿਆਸ

NIPF ਨੂੰ ਮੁੜ ਬਹਾਲ ਕਰਨ ਲਈ, EFRP ਭਾਗੀਦਾਰ ਐਮਰਜੈਂਸੀ ਜੰਗਲ ਮੁੜ ਬਹਾਲੀ ਅਭਿਆਸਾਂ ਨੂੰ ਲਾਗੂ ਕਰ ਸਕਦੇ ਹਨ, ਜਿਵੇਂ ਕਿ:

- ਦਰਖ਼ਤਾਂ ਦਾ ਨਵਾਂ ਝੁੰਡ ਸਥਾਪਤ ਕਰਨ ਜਾਂ ਕੁਦਰਤੀ ਮੁੜ ਉਗਣ ਲਈ, ਮਲਬੇ, ਜਿਵੇਂ ਕਿ ਡਿੱਗੇ ਜਾਂ ਖਰਾਬ ਹੋਏ ਦਰਖ਼ਤਾਂ ਨੂੰ ਹਟਾਉਣਾ;
- ਜੰਗਲ ਵਿੱਚ ਦਰਖ਼ਤਾਂ ਦੇ ਝੁੰਡ ਮੁੜ ਉਗਾਉਣ ਲਈ ਜਗ੍ਹਾ ਤਿਆਰ ਕਰਨਾ, ਪੌਦਿਆਂ ਦੀ ਰੋਪਾਈ ਕਰਨਾ ਅਤੇ ਮਜਦੂਰੀ;
- ਜੰਗਲ ਦੀ ਭੂਮੀ ਵਿੱਚ ਸੜਕਾਂ, ਫਾਇਰ ਲੇਨਸ, ਫਯੂਲ ਬ੍ਰੇਕਸ, ਜਾਂ ਖੋਰ ਨਿਯੰਤਰਣ ਢਾਂਚਿਆਂ ਦੀ ਮੁੜ ਬਹਾਲੀ;
- ਦਰਖ਼ਤਾਂ ਨੂੰ ਜੰਗਲੀ ਜੀਵਨ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਕੰਡਿਆਲੀ ਤਾਰ, ਦਰਖ਼ਤਾਂ ਦੇ ਸ਼ੈਲਟਰ ਅਤੇ ਦਰਖ਼ਤਾਂ ਤੇ ਸਹਾਰੇ ਲਈ ਡੰਡੇ ਲਗਾਉਣਾ; ਅਤੇ
- ਕਵਰ ਓਪਨਿੰਗ ਅਤੇ ਜੰਗਲੀ ਜੀਵਨ ਨਿਵਾਸ ਪ੍ਰਦਾਨ ਕਰਨ ਲਈ ਜੰਗਲੀ ਜੀਵਨ ਵਧਾਉਣਾ।



### ਹੋਰ ਜਾਣਕਾਰੀ ਲਈ

ਇਹ ਤੱਥ ਪੱਤਰ ਸਿਰਫ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। FSA ਤਬਾਹੀ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲਈ http://disaster.fsa.usda.gov ਤੇ ਜਾਓ ਜਾਂ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ। ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ, http://offices.usda.gov ਤੇ ਜਾਓ।

USDA ਇੱਕ ਬਰਾਬਰ ਅਵਸਰ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਕਰਜ਼ਾ ਪ੍ਰਦਾਤਾ ਹੈ।